# ASIAN EDUCATIONAL INSTITUTE
# (AN AUTONOMOUS COLLEGE)

## PUNJABI COMPULSORY
## ACADEMIC SESSION 2024-25

**ਪੇਪਰ: ਪੰਜਾਬੀ ਲਾਜ਼ਮੀ**

**ਸਮੈਸਟਰ: ਦੂਜਾ**

ਵਿਸ਼ਾ ਕੋਡ: PBICOM-02

ਕੁੱਲ ਅੰਕ : 100 — ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35

ਅੰਦਰੂਨੀ ਮੁਲਾਂਕਣ : 30 ਅੰਕ — ਅਧਿਆਪਨ: 06 ਪੀਰੀਅਡ ਪ੍ਰਤੀ ਹਫਤਾ

ਬਾਹਰੀ ਪਰੀਖਿਆ: 70 ਅੰਕ — ਕੁੱਲ 04 ਕ੍ਰੈਡਿਟ

ਸਮਾਂ : 3 ਘੰਟੇ

### ਪਾਠਕ੍ਰਮ ਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

**ਭਾਗ-ੳ**

**ਭਾਗ ੳ-1:** ਸਾਹਿਤਕ ਨਿਬੰਧ, ਲਲਿਤ ਨਿਬੰਧ, ਰੇਖਾ ਚਿੱਤਰ, ਸੰਸਮਰਣ (ਯਾਦਾਂ), ਡਾਇਰੀ ਦਾ ਸਰੂਪ, ਸਿਧਾਂਤ ਤੇ ਆਪਸੀ ਨਿਖੇੜਾ (ਅਧਿਆਪਕ ਇਨ੍ਹਾਂ ਵਾਰਤਕ ਰੂਪਾਂ ਦੀ ਜਾਣ-ਪਛਾਣ ਕਰਵਾਏਗਾ, ਇਨ੍ਹਾਂ ਦੇ ਤੱਤਾਂ, ਲੱਛਣਾਂ ਅਤੇ ਆਪਸੀ ਵਖਰੇਵਿਆਂ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਏਗਾ। **12 ਅੰਕ**

**ਭਾਗ ੳ-2: ਸੰਪੂਰਨ ਵਾਰਤਕ ਭਾਗ**-1, ਗੁਰਬਚਨ, ਕੈਲੀਬਰ ਪਬਲੀਕੇਸ਼ਨ ਪਟਿਆਲਾ, 2023।
(ਨੋਟ: ਇਸ ਪੁਸਤਕ ਵਿਚੋਂ .**ਪੰਜਾਬ ਪਰਵਾਸ ਪੰਜਾਬ** ਭਾਗ ਦੇ ਸਮੁੱਚੇ ਲੇਖ ਪਾਠਕ੍ਰਮ ਦਾ ਹਿੱਸਾ ਹਨ

**12 ਅੰਕ**

**ਭਾਗ-ਅ**

**ਭਾਗ ਅ-1:** ਕੋਸ਼: ਸਿਧਾਂਤ, ਸਰੂਪ ਅਤੇ ਵਰਤੋਂ ਹੇਠ ਲਿਖੇ ਕੋਸ਼ਾਂ ਦੇ ਸਰੂਪ, ਇਨ੍ਹਾਂ ਵਿਚਲੇ ਨਿਖੇੜੇ ਅਤੇ ਇਨ੍ਹਾਂ ਦੀ ਵਰਤੋਂ ਬਾਰੇ ਸਿਖਲਾਈ ਦਿੱਤੀ ਜਾਵੇਗੀ। (ਅਧਿਆਪਕ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਕੋਸ਼ਾਂ ਦੇ ਸਰੂਪ, ਉਨ੍ਹਾਂ ਵਿਚਲੀ ਵਿਉਂਤ, ਵਿਸ਼ਾ ਪਾਸਾਰ, ਮਕਸਦ, ਵਰਤੋਂ, ਵਰਤੋਂ ਵਿਧੀ ਬਾਰੇ ਜਾਣਕਾਰੀ ਦੇਵੇਗਾ ।)

1) ਵਿਸ਼ਵਕੋਸ਼ 2) ਦੋ ਭਾਸ਼ਾਈ ਸ਼ਬਦ ਕੋਸ਼ 3) ਵਿਸ਼ਾ ਕੋਸ਼ 4) ਸਮਭਾਸ਼ੀ ਕੋਸ਼ 5) ਤਕਨੀਕੀ ਸ਼ਬਦਾਵਲੀ ਕੋਸ਼ 6) ਵਿਕੀਪੀਡੀਆ

**12 ਅੰਕ**

**ਭਾਗ ਅ-2:** ਅਖ਼ਬਾਰ ਲਈ ਪ੍ਰੈੱਸ ਰਿਪੋਰਟ (ਕਿਸੇ ਸਾਹਿਤਕ, ਸਭਿਆਚਾਰਕ, ਅਕਾਦਮਿਕ ਸਮਾਗਮ, ਕਾਨਫ਼ਰੰਸ ਜਾਂ ਸੈਮੀਨਾਰ ਦੀ ਪ੍ਰੈਸ ਰਿਪੋਰਟ ਲਿਖਣ ਦੀ ਸਿਖਲਾਈ) ਇਸ ਵਿਚ ਅਧਿਆਪਕ ਵੱਖ ਵੱਖ ਤਰ੍ਹਾਂ ਦੇ ਆਯੋਜਨਾਂ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਏਗਾ ਅਤੇ ਇਨ੍ਹਾਂ ਸਮਾਗਮਾਂ ਵਿਚਲੇ ਅੰਤਰ ਨੂੰ ਸਪਸ਼ਟ ਕਰੇਗਾ ਤਾਂ ਕਿ ਵਿਦਿਆਰਥੀ ਉਨ੍ਹਾਂ ਦੀ ਕਲਪਨਾ ਕਰ ਸਕਣ। ਅਧਿਅਪਕ ਇਨ੍ਹਾਂ ਆਯੋਜਨਾਂ ਵਿਚ ਵਿਦਿਆਰਥੀਆਂ ਨੂੰ ਸ਼ਾਮਿਲ ਹੋਣ ਲਈ ਉਤਸਾਹਿਤ ਕਰੇਗਾ ਅਤੇ ਉਨ੍ਹਾਂ ਨੂੰ ਆਪਣੀ ਵਿਚ

ਅਗਵਾਈ ਵਿਚ ਇਨ੍ਹਾਂ ਆਯੋਜਨਾਂ ਵਿਚ ਲੈ ਕੇ ਜਾਵੇਗਾ।

12 ਅੰਕ

(ਅੰਦਰੂਨੀ ਮੁਲਾਂਕਣ ਲਈ ਅਸਾਈਨਮੈਂਟ ਦਾ ਕਾਰਜ ਪਾਠਕ੍ਰਮ ਦੇ ਇਸ ਭਾਗ ਨਾਲ ਸੰਬੰਧਿਤ ਕਰਵਾਇਆ ਜਾਵੇਗਾ। ਵਿਦਿਆਰਥੀ ਇੱਕ ਸਕਰੈਪ ਬੁੱਕ ਤਿਆਰ ਕਰੇਗਾ ਜਿਸ ਵਿਚ ਉਹ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ, ਲੋਕਧਾਰਾ ਤੋਂ ਇਲਾਵਾ ਆਪਣੇ ਹੋਰ ਅਧਿਐਨ ਵਿਸ਼ਿਆਂ ਨਾਲ ਸੰਬੰਧਿਤ ਉਪਲਬਧ ਕੋਸ਼ੀ ਇੰਦਰਾਜ਼ ਚਿਪਕਾਏਗਾ ਅਤੇ ਜਿੱਥੋਂ ਤਕ ਸੰਭਵ ਹੋਵੇ ਖੁਦ ਇੰਦਰਾਜ਼ ਤਿਆਰ ਕਰੇਗਾ। ਅਧਿਆਪਕ ਵਿਦਿਆਰਥੀਆਂ ਨੂੰ ਖੁਦ ਇੰਦਰਾਜ਼ ਤਿਆਰ ਕਰਨ ਲਈ ਉਤਸਾਹਿਤ ਕਰਨਗੇ। ਉਪਰੋਕਤ ਵੱਖ ਵੱਖ ਤਰ੍ਹਾਂ ਦੇ ਕੋਸ਼ਾਂ ਵਿਚੋਂ ਹਰ ਇੱਕ ਦੇ ਘੱਟ ਤੋਂ ਘੱਟ 4 ਇੰਦਰਾਜ਼ ਸਕਰੈਪ ਬੁੱਕ ਵਿਚ ਚਿਪਕਾਏ/ਲਿਖੇ ਜਾਣਗੇ)

### ਭਾਗ-ੲ

ਉਪਰੋਕਤ ਪਾਠਕ੍ਰਮ ਤੇ ਅਧਾਰਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ।
22 ਅੰਕ

### ਅੰਕ-ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹੋਣਗੇ।
2. ਪੇਪਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇ।
3. ਭਾਗ ੳ-1 ਵਿਚੋਂ ਵਾਰਤਕ ਰੂਪਾਂ ਦੇ ਸਰੂਪ ਅਤੇ ਉਨ੍ਹਾਂ ਦੇ ਆਪਸੀ ਨਿਖੇੜੇ ਬਾਰੇ ਦੋ ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੇ ਦੋਵਾਂ ਵਿਚੋਂ ਇੱਕ ਪ੍ਰਸ਼ਨ ਦਾ ਵਿਸਤ੍ਰਿਤ ਉੱਤਰ ਦੇਣਾ ਹੋਵੇਗਾ।

12 ਅੰਕ

4. ਭਾਗ ੳ-2 ਵਿਚ ਲਗਾਈ ਗਈ ਪਾਠ ਪੁਸਤਕ ਵਿਚੋਂ ਕਿਸੇ ਇਕ ਨਿਬੰਧ ਦਾ ਵਿਸ਼ਾ/ਸਾਰ/ ਨਿਬੰਧ ਵਿਚਲੇ ਵਿਚਾਰਾਂ ਬਾਰੇ ਪਾਠਕ ਦਾ ਹੁੰਗਾਰਾ (ਤਿੰਨ ਵਿੱਚੋਂ ਇੱਕ)

12 ਅੰਕ

4. ਭਾਗ ਅ-1 ਵਿੱਚੋਂ ਤਿੰਨ ਪ੍ਰਸ਼ਨ ਪੁੱਛੇ ਜਾਣਗੇ ਅਤੇ ਵਿਦਿਆਰਥੀ ਨੇ ਤਿੰਨਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਇਹ ਪ੍ਰਸ਼ਨ ਵੱਖ-ਵੱਖ ਤਰ੍ਹਾਂ ਦੇ ਕੋਸ਼ਾਂ ਦੇ ਸਰੂਪ, ਉਨ੍ਹਾਂ ਵਿਚਲੀ ਵਿਉਂਤ, ਵਿਸ਼ਾ ਪਾਸਾਰ, ਮਕਸਦ, ਵਰਤੋਂ, ਵਰਤੋਂ ਵਿਧੀ ਬਾਰੇ ਹੋਣਗੇ।

12 ਅੰਕ

5. ਅ-2 ਵਿੱਚ ਦਰਸਾਏ ਵਿਸ਼ਿਆਂ ਵਿਚੋਂ ਕਿਸੇ ਵਿਸ਼ੇ 'ਤੇ ਕੋਈ ਕਾਲਪਨਿਕ ਆਯੋਜਨ ਦਾ ਵੇਰਵਾ ਦੇ ਕੇ ਪ੍ਰੈੱਸ ਰਿਪੋਰਟ ਲਿਖਣ ਲਈ ਕਿਹਾ ਜਾਵੇਗਾ। (ਤਿੰਨ ਵਿੱਚੋਂ ਇੱਕ)

12 ਅੰਕ

6. ਭਾਗ-ੲ ਵਿਚ ਪਾਠਕ੍ਰਮ ਦੇ ਭਾਗ ੳ ਦੇ ਦੋਵੇਂ ਭਾਗਾਂ ਅਤੇ ਭਾਗ ਅ-1 (ਕੋਸ਼ ਸਿਧਾਂਤ ਸਰੂਪ ਤੇ ਵਰਤੋਂ) ਵਾਲੇ ਭਾਗ ਵਿੱਚੋਂ ਸੰਖੇਪ ਉੱਤਰਾਂ ਵਾਲੇ 06 (ਭਾਗ ੳ ਵਿੱਚੋਂ 03 ਅਤੇ ਭਾਗ ਅ-1 ਵਿੱਚੋਂ 2 ) ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

11x2=22 ਅੰਕ

## ਸਹਾਇਕ ਪਾਠ-ਸਮੱਗਰੀ


1. ਰਾਜਿੰਦਰਪਾਲ ਸਿੰਘ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਅਬਨਾਸ਼ ਕੌਰ, ਪੰਜਾਬੀ ਰੇਖਾ ਚਿੱਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
3. ਸਤਿੰਦਰ ਸਿੰਘ, ਵਿਹਾਰਕ ਸਮੀਖਿਆ: ਕਵਿਤਾ ਤੇ ਵਾਰਤਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਪਰਮਿੰਦਰ ਸਿੰਘ, ਸਾਹਿਤ ਦੇ ਰੂਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ